# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,
ਈਮੇਲ: directorscert@punjabeducation.gov.in, ਫੋਨ ਨੰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ.)
ਸਮੂਹ ਡਾਇਟ ਪ੍ਰਿੰਸੀਪਲ,
ਸਮੂਹ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ.)
ਸਮੂਹ ਬਲਾਕ ਨੋਡਲ ਅਫ਼ਸਰ
ਸਮੂਹ ਬੀ.ਪੀ.ਈ.ਓ.,
ਸਮੂਹ ਸੀ.ਐਚ.ਟੀਜ਼,
ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)
ਪੰਜਾਬ।

**ਮੀਮੋ ਨੰ:** ਮੀਮੋ ਨੰ: e- 871555/SCERT/QP/UP/2026/ 75390

**ਮਿਤੀ: ਐਸ.ਏ.ਐਸ. ਨਗਰ,** 18.03.2026

**ਵਿਸ਼ਾ: ਮਿਸ਼ਨ ਸਮਰੱਥ 4.0 ਤਹਿਤ ਅਧਿਕਾਰੀਆਂ ਵੱਲੋਂ ਕੀਤੀ ਜਾਣ ਵਾਲੀ ਮੋਨੀਟਰਿੰਗ ਲਈ ਜਰੂਰੀ ਹਦਾਇਤਾਂ ਸੰਬੰਧੀ।**

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0. ਸੈਸ਼ਨ 2026-27 ਦੌਰਾਨ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਸਿੱਖਣ ਪੱਧਰ ਵਿੱਚ ਸੁਧਾਰ ਕਰਨ ਲਈ ਜਮਾਤ 3 ਤੋਂ 8 ਤੱਕ ਦੇ ਵਿਦਿਆਰਥੀਆਂ ਲਈ ਮਿਸ਼ਨ ਸਮਰੱਥ 4.0 ਮਿਤੀ 01.04.2026 ਤੋਂ ਚਲਾਇਆ ਜਾਣਾ ਹੈ।

3.0 ਇਸ ਸੰਬੰਧੀ ਵੱਖ-ਵੱਖ ਬਲਾਕ, ਜ਼ਿਲ੍ਹਾ ਅਤੇ ਮੁੱਖ ਦਫਤਰ ਦੇ ਅਧਿਕਾਰੀਆਂ ਵੱਲੋਂ ਕੀਤੀ ਜਾਣ ਵਾਲੀ ਮੋਨੀਟਰਿੰਗ ਸਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

**ਵੱਖ-ਵੱਖ ਅਧਿਕਾਰੀਆਂ ਵੱਲੋਂ ਹਫ਼ਤਾਵਾਰੀ ਕੀਤੀਆਂ ਜਾਣ ਵਾਲੀਆਂ ਵਿਜਿਟਜ਼ ਦਾ ਵੇਰਵਾ:-**

| **ਅਧਿਕਾਰੀ/ਕਰਮਚਾਰੀ** | **ਵਿਜ਼ਿਟ ਸਬੰਧੀ ਹਦਾਇਤਾਂ** |
|---|---|
| DEO/DIET Principal /Dy. DEO/ BNOs /BPEOs | ਇਹ ਅਧਿਕਾਰੀ/ਕਰਮਚਾਰੀ ਹਰ ਹਫ਼ਤੇ ਘੱਟੋ-ਘੱਟ ਦੋ ਸਕੂਲ ਪਹਿਲੇ ਅੱਧੇ ਸਮੇਂ ਦੌਰਾਨ ਵਿਜਿਟ ਕਰਨਗੇ ਅਤੇ ਵਿਜਿਟ ਦੌਰਾਨ ਸਕੂਲਾਂ ਵਿੱਚ ਮਿਸ਼ਨ ਸਮਰੱਥ ਦੀਆਂ ਚੱਲ ਰਹੀਆਂ ਗਤੀਵਿਧੀਆਂ ਦੀ ਹਰ ਪੱਖ ਤੋਂ ਜਾਂਚ ਕਰਨਗੇ। |
| ਸੀ.ਐਚ.ਟੀ | ਇਹ ਅਧਿਕਾਰੀ/ਕਰਮਚਾਰੀ ਹਰ ਰੋਜ਼ ਘੱਟੋ-ਘੱਟ ਦੋ ਸਕੂਲ ਪਹਿਲੇ ਅੱਧੇ ਸਮੇਂ ਦੌਰਾਨ ਵਿਜਿਟ ਕਰਨਗੇ ਅਤੇ ਸਕੂਲ ਵਿੱਚ ਮੌਜੂਦ ਰਹਿ ਕੇ ਮਿਸ਼ਨ ਸਮਰੱਥ ਅਧੀਨ ਚੱਲ ਰਹੀਆਂ ਗਤੀਵਿਧੀਆਂ ਨੂੰ ਮੋਨੀਟਰ ਕਰਨਗੇ। |
| ASG ਦੇ ਮੈਂਬਰ (DRC/BRC) | ਇਹ ਕਰਮਚਾਰੀ ਨਿਯਮਾਂ ਅਨੁਸਾਰ ਹਰ ਰੋਜ਼ ਦੋ ਸਕੂਲ ਵਿਜਿਟ ਕਰਨਗੇ ਅਤੇ ਅੱਧੀ ਛੁੱਟੀ ਤੋਂ ਪਹਿਲਾ ਵਿਜ਼ਿਟ ਕੀਤੇ ਗਏ ਸਕੂਲ ਵਿੱਚ ਮਿਸ਼ਨ ਸਮਰੱਥ ਅਧੀਨ ਚੱਲ ਰਹੀਆਂ ਗਤੀਵਿਧੀਆਂ ਨੂੰ ਮੋਨੀਟਰ ਕਰਨਗੇ। |

4.0 ਉਪਰੋਕਤ ਅਧਿਕਾਰੀ/ਕਰਮਚਾਰੀ ਮੋਨੀਟਰਿੰਗ ਦੌਰਾਨ ਘਟੋ-ਘੱਟ 3 ਵਿਦਿਆਰਥੀਆਂ ਦੀ ਇੱਕ ਵਿਸ਼ੇ ਦੇ ਮੁਲਾਂਕਣ ਦੀ random ਜਾਂਚ (random assessment) ਵੀ ਕਰਨਗੇ।

5.0 ਕਿਸੇ ਵੀ ਸਕੂਲ ਨੂੰ ਦੁਬਾਰਾ ਵਿਜ਼ਿਟ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਸਾਰੇ ਸਕੂਲ ਘੱਟੋ-ਘੱਟ ਇੱਕ ਵਾਰ ਜ਼ਰੂਰ ਵਿਜ਼ਿਟ ਹੋ ਜਾਣ । ਸਮੂਹ ਮੋਨਿਟਰਿੰਗ ਅਧਿਕਾਰੀ ਆਪਣੀ ਵਿਜ਼ਿਟ ਦੀ ਯੋਜਨਾਬੰਦੀ ਈ-ਪੰਜਾਬ ਪੋਰਟਲ ਤੇ ਉਪਲਬਧ Samrath Mentor login ਆਪਸ਼ਨ ਅਧੀਨ ਉਪਲਬਧ ਮਿਸ਼ਨ ਸਮਰੱਥ ਦੇ ਡੈਸ਼-ਬੋਰਡ ਦੀ ਵਰਤੋਂ ਕਰਕੇ ਕਰਨ।

6.0 ਮੁੱਖ ਦਫ਼ਤਰ ਵੱਲੋਂ ਵਿਦਿਆਰਥੀਆਂ ਦੇ ਰੈਂਡਮ ਅਸੈਸਮੈਂਟ ਕਰਨ ਲਈ ਅਧਿਕਾਰੀਆਂ ਨੂੰ ਟੂਲ ਈਮੇਲ ਜਾਂ ਵਟਸਐੱਪ ਗਰੁੱਪ ਰਾਹੀਂ ਭੇਜ ਦਿੱਤਾ ਜਾਵੇਗਾ।

7.0 ਸਮੂਹ ਸੰਬੰਧਤ ਅਧਿਕਾਰੀ ਆਪਸ ਵਿੱਚ ਤਾਲਮੇਲ ਰੱਖਕੇ ਆਪਣਾ Visit Schedule ਬਣਾਉਣਗੇ ਤਾਂ ਜੋ ਇੱਕੋ ਦਿਨ ਇਕੱਠੇ ਇੱਕ ਤੋਂ ਵੱਧ ਅਧਿਕਾਰੀ ਇੱਕ ਸਕੂਲ ਵਿੱਚ ਵਿਜ਼ਿਟ ਨਾ ਕਰਨ ।

8.0 ਵਿਜ਼ਿਟ ਦੌਰਾਨ ਚੈੱਕ ਕੀਤੇ ਜਾਣ ਵਾਲੇ ਮੁੱਖ ਪੱਖ:

8.1 ਸਕੂਲ ਦੇ ਵਿੱਚ ਬੱਚਿਆਂ ਦੀ ਗਰੁਪਿੰਗ ਸਕੂਲ ਪੱਧਰ 'ਤੇ ਕੀਤੀ ਗਈ ਹੋਵੇ।

8.2 ਸਕੂਲ ਵਿੱਚ ਮਿਸ਼ਨ ਸਮੱਰਥ ਅਨੁਸਾਰ ਬਣਾਈ ਗਈ ਸਮਾਂ ਸਾਰਣੀ ਲਾਗੂ ਹੋਵੇ ।

8.3 ਵਿਦਿਆਰਥੀਆਂ ਦੇ ਲੈਵਲ, ਨਿਰਧਾਰਿਤ ਮੁਲਾਂਕਣ ਟੂਲ ਦੀ ਵਰਤੋਂ ਕਰਕੇ ਹੀ ਨਿਰਧਾਰਿਤ ਕੀਤੇ ਗਏ ਹੋਣ।

8.4 ਸਕੂਲ ਵਿੱਚ ਬੱਚਿਆਂ ਨੂੰ ਲੈਵਲ ਦੇ ਅਨੁਸਾਰ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹੋਣ।

8.5 ਕਲਾਸ ਵਿੱਚ ਚੱਲ ਰਹੀਆਂ ਗਤੀਵਿਧੀਆਂ ਦਾ ਨਿਰੀਖਣ ਕਰਨਗੇ ਅਤੇ ਯਕੀਨੀ ਬਣਾਉਣਗੇ ਕਿ ਉੱਥੇ ਅਧਿਆਪਨ ਲਈ ਢੁਕਵਾਂ ਮਾਹੌਲ ਹੈ।

8.6 ਮਿਸ਼ਨ ਸਮਰੱਥ ਅਧੀਨ ਭੇਜਿਆ ਗਿਆ ਮਟੀਰੀਅਲ ਅਤੇ ਬੱਚਿਆਂ ਨੂੰ ਮਿਲ ਗਿਆ ਹੈ ਅਤੇ ਇਸਦੀ ਵਰਤੋਂ ਸਹੀ ਤਰੀਕੇਨਾਲ ਕੀਤੀ ਜਾ ਰਹੀ ਹੈ।

9.0 DEO/DIET Principal /Dy. DEO/BPEO/CHT ਇਹ ਯਕੀਨੀ ਬਣਾਉਣਗੇ ਕਿ ਵਿਜ਼ਿਟ ਦੌਰਾਨ ਜੇ ਕਿਸੇ ਅਧਿਆਪਕ ਨੂੰ ਟ੍ਰੇਨਿੰਗ ਦੀ ਜਰੂਰਤ ਹੈ ਤਾਂ ਵਿਭਾਗ ਵੱਲੋਂ ਬਣਾਏ ਗਏ 60 ਸਟੇਟ ਰਿਸੋਰਸ ਪਰਸਨਜ਼/DRPs ਦੇ ਪੈਨਲ ਵਿੱਚੋਂ ਸਹੂਲਤ ਅਨੁਸਾਰ ਆਪਣੇ ਨੇੜੇ ਦੇ ਕਿਸੇ ਵੀ ਸਟੇਟ ਰਿਸੋਰਸ ਪਰਸਨ/ DRPs ਨਾਲ ਰਾਬਤਾ ਕਾਇਮ ਕਰਕੇ ਆਪਣੇ ਪੱਧਰ 'ਤੇ ਉਸ ਅਧਿਆਪਕ ਜਾਂ ਅਧਿਆਪਕਾਂ ਦੀ ਟ੍ਰੇਨਿੰਗ ਕਰਵਾਈ ਜਾਵੇ।

10.0 ਸਕੂਲਾਂ ਵਿੱਚ ਵਿਜ਼ਿਟ ਦੌਰਾਨ ਸਕੂਲ ਮੁਖੀਆਂ ਅਤੇ ਅਧਿਆਪਕਾਂ ਦੀ ਹਰ ਤਰ੍ਹਾਂ ਦੀ Query ਦਾ ਉਚਿੱਤ ਹੱਲ ਕਰਨਾ ਅਤੇ ਸਕੂਲਾਂ ਅਤੇ ਅਧਿਆਪਕਾਂ ਨੂੰ ਲੋੜੀਂਦੀ Support ਦੇਣਾ ਯਕੀਨੀ ਬਣਾਇਆ ਜਾਵੇ।

11.0 ਸਮੂਹ ਅਧਿਕਾਰੀ/ਕਰਮਚਾਰੀ ਆਪਣੀ ਸਕੂਲ ਵਿਜ਼ਿਟ ਦੇ ਵੇਰਵੇ e-punjab app ਤੇ ਨਾਲੋ ਨਾਲ ਆਨਲਾਇਨ ਭਰਨਗੇ। ਇਸ ਐਪ 'ਤੇ ਹੇਠ ਦਿੱਤੇ ਦੋ ਫਾਰਮ ਉਪਲੱਬਧ ਹਨ:

11.1 Observation form (ਸਕੂਲ/ਜਮਾਤ ਦੀ ਵਿਜ਼ਿਟ ਦੌਰਾਨ ਕੀਤੀਆਂ observations ਭਰਨ ਲਈ ਫਾਰਮ

11.2 Random Assessment form (Visit ਦੌਰਾਨ Random Assessment ਕਰਨ ਉਪਰੰਤ ਭਰਿਆ ਜਾਣ ਵਾਲਾ ਫਾਰਮ)

12.0 Random Assessment ਕਰਨ ਸਮੇਂ ਧਿਆਨ ਦੇਣ ਯੋਗ ਪੁਆਇੰਟਜ਼:

I. ਵਿਜ਼ਿਟ ਕਰਨ ਵਾਲੇ ਅਧਿਕਾਰੀ ਕੋਲ਼ ਮੁਲਾਂਕਣ ਟੂਲ ਦੀ ਫੋਟੋ ਕਾਪੀ ਹੋਣੀ ਜ਼ਰੂਰੀ ਹੈ

II. ਸਕੂਲ ਵਿੱਚ ਕੋਈ ਤਿੰਨ ਬੱਚੇ randomly ਚੁਣੋ, ਜੇਕਰ ਹੋ ਸਕੇ ਤਾਂ ਉਹ ਬੱਚੇ ਚੁਣੋ ਜੋ ਮਿਸ਼ਨ ਸਮਰੱਥ ਦੇ ਟੀਚੇ ਤੋਂ ਪਿੱਛੇ ਹਨ

III. ਉਹਨਾਂ ਦੇ ਮੁਲਾਂਕਣ ਦਾ ਵਿਸ਼ਾ ਚੁਣਿਆ ਜਾਵੇ।

IV. ਵਿਦਿਆਰਥੀ ਨੂੰ ਆਪਣੇ ਟੂਲ ਵਿੱਚੋਂ ਉਸੇ ਪੱਧਰ ਅਨੁਸਾਰ ਪੜ੍ਹਨ ਲਈ ਜਾਂ ਸਵਾਲ ਕਰਨ ਲਈ ਕਹੋ ਜੋ ਰਿਕਾਰਡਿੰਗ ਸ਼ੀਟ ਵਿੱਚ ਅੰਕਿਤ ਹੋਵੇ।

V. ਜੇਕਰ ਵਿਦਿਆਰਥੀ ਰਿਕਾਰਡਿੰਗ ਸ਼ੀਟ 'ਤੇ ਅੰਕਿਤ ਪੱਧਰ ਅਨੁਸਾਰ ਪੜ੍ਹ/ਸਵਾਲ ਹੱਲ ਕਰ ਲੈਂਦਾ ਹੈ ਤਾਂ ਉਸ ਨੂੰ ਅਗਲੇ ਪੱਧਰ ਦੇ ਕੰਟੈਂਟ ਨੂੰ ਪੜ੍ਹਨ ਜਾਂ ਕਰਨ ਲਈ ਕਿਹਾ ਜਾਵੇ।

VI. ਜੇਕਰ ਵਿਦਿਆਰਥੀ ਰਿਕਾਰਡਿੰਗ ਸ਼ੀਟ ਤੇ ਅੰਕਿਤ ਪੱਧਰ ਅਨੁਸਾਰ ਸਹੀ ਤਰੀਕੇ ਨਾਲ ਪੜ੍ਹ/ਸਵਾਲ ਹੱਲ ਨਹੀਂ ਕਰ ਸਕਦਾ ਤਾਂ ਉਸਨੂੰ ਇੱਕ ਲੈਵਲ ਪਿੱਛੇ ਦੇ ਪੱਧਰ ਦਾ ਕੰਟੈਂਟ ਪੜ੍ਹਨ ਜਾਂ ਕਰਨ ਲਈ ਕਿਹਾ ਜਾਵੇ।

VII. ਧਿਆਨ ਰੱਖੋ ਕਿ TaRL ( Teaching at Right Level) ਪੱਧਤੀ ਅਨੁਸਾਰ 5-6 ਦਿਨ ਪੜ੍ਹਾਉਣ ਤੋਂ ਬਾਅਦ ਬੱਚੇ ਦੇ ਸਿੱਖਣ ਪੱਧਰ ਵਿੱਚ ਇੱਕ ਲੈਵਲ ਦੀ ਪ੍ਰਗਤੀ ਹੋ ਸਕਦੀ ਹੈ।

13.0 ਵੱਖ-ਵੱਖ ਅਧਿਕਾਰੀਆਂ ਵੱਲੋਂ ਵਿਜ਼ਿਟ ਦੌਰਾਨ ਹੇਠ ਲਿਖੀਆਂ ਗਤੀਵਿਧੀਆਂ ਸ਼ਾਮਿਲ ਕਰਨਾ ਯਕੀਨੀ ਬਣਾਇਆ ਜਾਵੇ-

I. ਸਕੂਲ ਮੁਖੀ ਨਾਲ opening conversation

II.ਜਮਾਤ ਦਾ ਨਿਰੀਖਣ (Classroom observations)

III. ਸਕੂਲ ਮੁਖੀ ਨਾਲ closing conversation

IV. ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਗੱਲਬਾਤ

V. ਹਰੇਕ ਵਿਜਿਟ ਸਮੇਂ ਸਕੂਲ ਦੀ ਵਿਜਟਰ ਬੁੱਕ ਵਿੱਚ ਮਿਸ਼ਨ ਸਮਰੱਥ ਸਬੰਧੀ ਵਿਸਤ੍ਰਿਤ ਟਿੱਪਣੀ ਦਰਜ ਕਰਨੀ ਯਕੀਨੀ ਬਣਾਜਾਵੇ।

14.0 **<u>ਰੀਵਿਊ ਮੀਟਿੰਗ ਲਈ ਹਦਾਇਤਾਂ</u>:** ਮਿਸ਼ਨ ਸਮਰੱਥ ਪ੍ਰੋਗਰਾਮ ਦੀ ਪ੍ਰਗਤੀ ਦੇਖਣ ਅਤੇ ਅਗਲੀ ਯੋਜਨਾਬੰਦੀ ਕਰਨ ਲਈ ਹੇਠ ਲਿਖੇ ਅਨੁਸਾਰ ਰੀਵਿਊ ਮੀਟਿੰਗਜ਼ ਕਰਨੀਆਂ ਯਕੀਨੀ ਬਣਾਈਆਂ ਜਾਣ:

| ਮੀਟਿੰਗ ਦਾ ਪੱਧਰ | ਰਿਵਿਊ ਮੀਟਿੰਗ ਦੀ ਪ੍ਰਧਾਨਗੀ | ਭਾਗੀਦਾਰ | ਏਜੰਡਾ ਪੁਆਇੰਟਜ਼ | ਟਾਈਮਲਾਈਨ |
|---|---|---|---|---|
| ਜ਼ਿਲ੍ਹਾ ਪੱਧਰ 'ਤੇ | DEO(SE)/(EE) | BPEOs/ BNOs/DIET Principals/ DRC/BRC | • Visit plan & Visit insights<br>• Feedback<br>• Challenges<br>• Next Steps | ਹਰ ਪੰਦਰਾਂ ਦਿਨ |
| ਬਲਾਕ ਪੱਧਰ 'ਤੇ | BPEO/BNO | ਕਲੱਸਟਰ ਹੈੱਡ ਟੀਚਰ ਅਤੇ ਪ੍ਰਿੰਸੀਪਲ/ BRC | • Visit plan & Visit insights (Classroom observations)<br>• Feedback<br>• Challenges<br>• Next Steps | ਹਰ ਪੰਦਰਾਂ ਦਿਨ |
| ਕਲੱਸਟਰ ਪੱਧਰ 'ਤੇ | ਕਲੱਸਟਰ ਹੈੱਡ ਟੀਚਰ | ਹੈੱਡ ਟੀਚਰ (ਪ੍ਰਾਇਮਰੀ)/ BRC | • Capability building around the observations (good practices & weak areas)<br>• Discussion around classroom challenges<br>• Suggested best practices for classroom | ਹਰ ਪੰਦਰਾਂ ਦਿਨ |
| ਸਕੂਲ ਪੱਧਰ 'ਤੇ | ਸਕੂਲ ਮੁਖੀ | ਅਧਿਆਪਕ | • Academic Trainings<br>• Feedback from monitoring visits<br>• Discussion around class room challenges | ਹਫਤਾਵਾਰ |

14.1 ਰਿਵਿਊ ਮੀਟਿੰਗ ਹੋਣ ਉਪਰੰਤ ਹਰ ਪੱਧਰ ਦੀ ਰੀਵਿਊ E-punjab app ਤੇ Review meet Status form ਰਾਹੀਂ ਅੱਪਲੋਡ ਕਰਨੀ ਯਕੀਨੀ ਬਣਾਈ ਜਾਵੇ।

15.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

(ਕਿਰਨ ਸ਼ਰਮਾ, ਪੀ.ਸੀ.ਐਸ.)
ਡਾਇਰੈਕਟਰ, ਐਸ.ਸੀ.ਈ.ਆਰ.ਟੀ.,
ਪੰਜਾਬ।

ਪਿੰਠ ਅੰਕਣ ਨੰਬਰ: ਉਕਤ ਮਿਤੀ: 18.03.2026

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਨਿ.ਸ./ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਨਿ.ਸ./ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਗ), ਪੰਜਾਬ
3. ਨਿ.ਸ./ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
4. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
5. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ
6. DM (MIS) –ਵੈੱਬਸਾਈਟ ਤੇ ਅਪਲੋਡ ਕਰਨ ਲਈ

(ਕਿਰਨ ਸ਼ਰਮਾ, ਪੀ.ਸੀ.ਐਸ.)
ਡਾਇਰੈਕਟਰ, ਐਸ.ਸੀ.ਈ.ਆਰ.ਟੀ.,
ਪੰਜਾਬ।